# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 19-07-2024**

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ, ਕਿਸਾਨਾਂ ਨੂੰ ਕੁਦਰਤੀ ਖੇਤੀ ਅਪਨਾਉਣ ਦੀ ਅਪੀਲ ਕੀਤੀ।
- ਮਾਈਕ੍ਰੋਸਾਫਟ ਦੇ ਸਰਵਰ 'ਚ ਆਈ ਤਕਨੀਕੀ ਖਰਾਬੀ ਕਾਰਨ, ਦੁਨੀਆ ਭਰ ਵਿਚ ਉਡਾਣਾਂ, ਟੀ ਵੀ ਟੈਲੀਕਾਸਟ ਤੇ ਬੈਂਕਿੰਗ ਸਮੇਤ, ਕਈ ਕਾਰਪੋਰੇਟ ਕੰਪਨੀਆਂ ਦਾ ਕੰਮਕਾਜ ਪ੍ਰਭਾਵਿਤ।
- ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤਹਿਤ, ਕੇਂਦਰੀ ਸੰਚਾਰ ਬਿਊਰੋ ਜਲੰਧਰ ਨੇ, ਕਾਨੂੰਨ ਦੇ ਵਿਦਿਆਰਥੀਆਂ ਵਿੱਚ 3 ਨਵੇਂ ਅਪਰਾਧਿਕ ਕਾਨੂੰਨਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਮੋਗਾ ਵਿਖੇ ਵਿਸ਼ੇਸ਼ ਇੰਟਰ-ਐਕਟਿਵ ਸੈਸ਼ਨ ਕਰਵਾਇਆ।

- ਸ੍ਰੀਲੰਕਾ ਵਿੱਚ ਅੱਜ ਸ਼ੁਰੂ ਹੋਏ ਮਹਿਲਾ ਏਸ਼ੀਆ ਕੱਪ ਟੀ-20 ਕ੍ਰਿਕਟ ਵਿਚ, ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ।

---------------------------------------------------

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੇ ਦਾਅਵਾ ਕੀਤਾ ਏ, ਕਿ ਖੇਤੀ ਵਿੱਚ ਰਸਾਇਣਕ ਖਾਦ ਦੀ ਵਰਤੋਂ ਕੀਤੇ ਬਿਨਾਂ, ਉਤਪਾਦਨ ਵਧਾਇਆ ਜਾ ਸਕਦਾ ਏ। ਕੁਦਰਤੀ ਖੇਤੀ ਵਿਗਿਆਨ ਬਾਰੇ ਖੇਤਰੀ ਸਲਾਹ-ਮਸ਼ਵਰੇ ਬਾਰੇ, ਲਖਨਊ ਵਿੱਚ ਅੱਜ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ, ਉਨਾਂ ਕਿਹਾ ਕਿ ਕੇਂਦਰ ਸਰਕਾਰ, ਕੁਦਰਤੀ ਖੇਤੀ ਲਈ ਦੇਸ਼ ਪੱਧਰੀ ਜਾਗਰੂਕਤਾ ਮੁਹਿੰਮ ਸ਼ੁਰੂ ਕਰੇਗੀ। ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਨੂੰ, ਕੁਦਰਤੀ ਖੇਤੀ ਸ਼ੁਰੂ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸ਼ੁਰੂਆਤੀ ਦੋ ਸਾਲ ਉਤਪਾਦਨ ਘੱਟ ਰਹੇਗਾ, ਜਿਸ ਲਈ ਸਰਕਾਰ ਕੁਦਰਤੀ ਖੇਤੀ ਲਈ ਪਹਿਲੇ ਤਿੰਨ ਸਾਲ ਸਬਸਿਡੀ ਦੇਵੇਗੀ।

---

ਕੇਂਦਰੀ ਜਾਂਚ ਬਿਊਰੋ CBI ਨੇ NEET-UG ਦਾਖ਼ਲਾ ਪੇਪਰ ਲੀਕ ਮਾਮਲੇ ਵਿੱਚ, ਰਾਂਚੀ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਰਿਮਸ ਦੀ ਇੱਕ ਵਿਦਿਆਰਥਣ ਨੂੰ ਅੱਜ ਗ੍ਰਿਫ਼ਤਾਰ ਕੀਤਾ ਏ । ਰਿਮਸ ਦੇ 2023 ਬੈਚ ਦੀ, MBBS ਦੀ ਇਹ ਵਿਦਿਆਰਥਣ ਸੁਰਭੀ ਕੁਮਾਰੀ ਨੂੰ ਡੂੰਘਾਈ ਨਾਲ ਪੁੱਛਗਿੱਛ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਏ । CBI ਨੇ ਉਸ ਦਾ ਮੋਬਾਈਲ, ਲੈਪਟਾਪ ਅਤੇ ਹੋਰ ਇਲੈਕਟ੍ਰਾਨਿਕ ਯੰਤਰ ਜ਼ਬਤ ਕਰ ਲਏ ਨੇ । ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਦੀ ਰਹਿਣ ਵਾਲੀ ਸੁਰਭੀ ਕੁਮਾਰੀ ਨੇ, ਪੇਪਰ ਲੀਕ ਮਾਮਲੇ ਦੇ ਦੋਸ਼ੀਆਂ ਲਈ ਕਥਿਤ ਤੌਰ 'ਤੇ NEET ਪ੍ਰੀਖਿਆ ਦੇ ਪੇਪਰ ਹੱਲ ਕੀਤੇ ਸਨ ।

---

ਏਧਰ ਕੇਂਦਰ ਸਰਕਾਰ ਵਲੋਂ NEET-UG ਪੇਪਰ ਲੀਕ ਮਾਮਲੇ ਵਿਚ ਕੀਤੀ ਗਈ ਤੁਰੰਤ ਕਾਰਵਾਈ ਤੇ ਆਮ ਲੋਕ ਕਾਫੀ ਸੰਤੁਸ਼ਟ ਨੇ । ਸੂਬੇ ਦੇ ਵੱਖ ਵੱਖ ਜ਼ਿਲਿਆਂ ਦੇ ਲੋਕਾਂ ਦਾ ਕਹਿਣਾ ਏ, ਕਿ ਕੇਂਦਰ ਸਰਕਾਰ ਵਲੋਂ ਕੀਤੀ ਜਾ ਰਹੀ ਕਾਰਵਾਈ ਸ਼ਲਾਘਾਯੋਗ ਏ ।

-----------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਨ ਕੀ ਬਾਤ ਪ੍ਰੋਗਰਾਮ ਦੇ ਆਉਂਦੇ ਐਡੀਸ਼ਨ ਲਈ ਮਿਲੇ ਸੁਝਾਵਾਂ 'ਤੇ ਖੁਸ਼ੀ ਜ਼ਾਹਰ ਕੀਤੀ ਏ । ਇਹ ਪ੍ਰੋਗਰਾਮ ਇਸ ਮਹੀਨੇ ਦੀ 28 ਤਰੀਕ ਨੂੰ ਪ੍ਰਸਾਰਿਤ ਹੋਣ ਵਾਲਾ ਏ । ਅੱਜ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਆਉਣ ਵਾਲੇ ਮਨ ਕੀ ਬਾਤ ਪ੍ਰੋਗਰਾਮ ਲਈ, ਉਨ੍ਹਾਂ ਨੂੰ ਬਹੁਤ ਸਾਰੇ ਸੁਝਾਅ ਮਿਲ ਰਹੇ ਨੇ । ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ, ਇਹ ਦੇਖ ਕੇ ਖੁਸ਼ ਨੇ ਕਿ ਬਹੁਤ ਸਾਰੇ ਨੌਜਵਾਨ, ਖਾਸ ਤੌਰ 'ਤੇ ਸਮਾਜ ਨੂੰ ਬਦਲਣ ਦੇ ਉਦੇਸ਼ ਨਾਲ ਸਮੂਹਿਕ ਯਤਨਾਂ ਨੂੰ ਉਜਾਗਰ ਕਰ ਰਹੇ ਨੇ । ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਅਪੀਲ ਕੀਤੀ ਏ ਕਿ ਉਹ MyGov, NaMo ਐਪ 'ਤੇ ਆਪਣੇ ਸੁਝਾਅ ਭੇਜਣ ਜਾਂ 1 8 0 0- 1 1 -7 8 0 0 'ਤੇ ਆਪਣਾ ਸੁਨੇਹਾ ਰਿਕਾਰਡ ਕਰਵਾਉਣ ।

-----------------------------------------------

ਮਾਈਕ੍ਰੋਸਾਫਟ ਦੇ ਸਰਵਰ 'ਚ ਅੱਜ ਸਵੇਰੇ ਆਈ ਤਕਨੀਕੀ ਖਰਾਬੀ ਕਾਰਨ, ਦੁਨੀਆ ਭਰ ਵਿਚ ਏਅਰ ਲਾਈਨਜ਼ ਦੀਆਂ ਉਡਾਣਾਂ, ਟੀ. ਵੀ.

ਟੈਲੀਕਾਸਟ, ਬੈਂਕਿੰਗ ਸਮੇਤ ਕਈ ਕਾਰਪੋਰੇਟ ਕੰਪਨੀਆਂ ਦੇ ਕੰਮਕਾਜ 'ਤੇ ਭਾਰੀ ਅਸਰ ਪਿਆ ਏ । ਭਾਰਤ ਸਮੇਤ ਦੁਨੀਆ ਦੇ ਜ਼ਿਆਦਾਤਰ ਹਵਾਈ ਅੱਡਿਆਂ 'ਤੇ ਚੈੱਕ-ਇਨ ਅਤੇ ਟਿਕਟ ਬੁਕਿੰਗ 'ਚ ਦਿੱਕਤਾਂ ਆ ਰਹੀਆਂ ਨੇ । ਦਿੱਲੀ-ਮੁੰਬਈ ਸਮੇਤ ਦੁਨੀਆ ਦੇ ਜ਼ਿਆਦਾਤਰ ਸ਼ਹਿਰਾਂ 'ਚ ਉਡਾਣਾਂ ਦੇਰੀ ਨਾਲ ਚੱਲ ਰਹੀਆਂ ਨੇ ਜਦਕਿ ਕਈ ਉਡਾਣਾਂ ਨੂੰ ਰੱਦ ਕੀਤਾ ਗਿਆ ਏ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਮਾਈਕ੍ਰੋਸਾਫਟ ਸਰਵਰ ਠੱਪ ਹੋਣ ਦਾ ਅਸਰ, ਪੂਰੀ ਦੁਨੀਆ 'ਚ ਦੇਖਣ ਨੂੰ ਮਿਲਿਆ ਏ।

---------------------------------------------------------------

ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ CBC ਜਲੰਧਰ ਵੱਲੋਂ ਕਾਨੂੰਨ ਦੇ ਵਿਦਿਆਰਥੀਆਂ ਵਿੱਚ 3 ਨਵੇਂ ਅਪਰਾਧਿਕ ਕਾਨੂੰਨਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਬਾਬਾ ਕੁੰਦਨ ਸਿੰਘ ਲਾ ਕਾਲਜ ਮੋਗਾ ਵਿਖੇ, ਅੱਜ ਇੱਕ ਵਿਸ਼ੇਸ਼ ਇੰਟਰ-ਐਕਟਿਵ ਸੈਸ਼ਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ । ਮੋਗਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ

ਐਸ.ਐਸ.ਧਾਲੀਵਾਲ ਦੀ ਅਗਵਾਈ ਹੇਠ, ਮੁੱਖ ਨਿਆਂਇਕ ਮੈਜਿਸਟਰੇਟ ਤੇ ਅਥਾਰਿਟੀ ਦੇ ਜਤਿੰਦਰਪਾਲ ਸਿੰਘ ਪ੍ਰੋਗਰਾਮ ਦੇ ਮੁੱਖ ਮਹਿਮਾਨ ਰਹੇ । ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੀ ਪੜ੍ਹਾਈ ਪੂਰੀ ਕਰਨ ਮਗਰੋਂ ਇੱਕ ਚੰਗੇ ਵਕੀਲ ਬਣਨ ਅਤੇ ਜਰੂਰਤਵੰਦਾਂ ਨੂੰ ਛੇਤੀ ਨਿਆਂ ਪ੍ਰਦਾਨ ਕਰਨ ਵਿੱਚ ਨਿਆਂ ਪ੍ਰਣਾਲੀ ਦੀ ਮਦਦ ਕਰਨ । ਚੀਫ਼ ਲੀਗਲ ਏਡ ਡਿਫੈਂਸ ਕੌਂਸਲ ਸਮੀਰ ਗੁਪਤਾ ਨੇ, ਬੀਤੀ ਪਹਿਲੀ ਜੁਲਾਈ ਤੋਂ ਦੇਸ਼ ਭਰ ਵਿੱਚ ਲਾਗੂ ਨਵੇਂ ਅਪਰਾਧਿਕ ਕਾਨੂੰਨਾਂ - ਭਾਰਤੀ ਨਿਆਂ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ੈ ਅਧੀਨਿਯਮ ਬਾਰੇ ਦੱਸਿਆ । ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਇਲੈਕਟ੍ਰੌਨਿਕ- ਐਫ ਆਈ ਆਰ ਦਰਜ ਕਰਨ ਨੂੰ ਆਸਾਨ ਬਣਾਇਆ ਗਿਆ ਏ, ਤਾਂ ਜੋ ਆਮ ਲੋਕਾਂ ਨੂੰ ਜਰੂਰਤ ਪੈਣ 'ਤੇ ਥਾਣਿਆਂ ਵਿਚ ਨਾ ਜਾਣਾ ਪਵੇ ਅਤੇ ਉਹ ਈਮੇਲ ਰਾਹੀਂ ਘਰ ਬੈਠੇ ਹੀ ਆਪਣੀ ਐਫ ਆਈ ਆਰ ਦਰਜ ਕਰਵਾ ਸਕਣ। ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਆਸ ਪ੍ਰਗਟਾਈ ਕਿ ਇਸ ਵਿਸ਼ੇਸ਼ ਸੈਸ਼ਨ ਵਿਚ ਮਿਲੀ

ਜਾਣਕਾਰੀ ਨਾਲ, ਕਾਨੂੰਨ ਦੇ ਵਿਦਿਆਰਥੀਆਂ ਨੂੰ ਆਪਣੇ ਸਿਲੇਬਸ ਵਿਚ ਪੜ੍ਹਨ ਮੌਕੇ ਸਮਝਣ ਵਿਚ ਹੋਰ ਆਸਾਨੀ ਹੋਵੇਗੀ।

-----------------------------------------------------

ਇਸ ਦੌਰਾਨ ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਹੋ ਗਏ ਨੇ। ਲੁਧਿਆਣਾ ਅਤੇ ਬਰਨਾਲਾ ਦੇ ਕਾਨੂੰਨ ਮਾਹਰ, ਇਸ ਵਿਚ ਸਮੇਂ ਮੁਤਾਬਕ ਕੀਤੀਆਂ ਤਬਦੀਲੀਆਂ ਦੀ ਸ਼ਲਾਘਾ ਕਰਦੇ ਨੇ।

-----------------------------------------------------

ਪੰਜਾਬ ਸਕੂਲ ਸਿੱਖਿਆ ਬੋਰਡ ਨੇ "ਨੈਕੱਸਟ ਜੈਨਰੇਸ਼ਨ ਲਰਨਿੰਗ" ਵਿਸ਼ੇ 'ਤੇ, ਸੂਬਾ ਪੱਧਰੀ ਸਮਾਗਮ ਮੋਹਾਲੀ ਸਥਿਤ ਬੋਰਡ ਵਿਖੇ ਕਰਵਾਇਆ। ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ ਮੁੱਖ ਮਹਿਮਾਨ ਵਜੋਂ ਮੌਜੂਦ ਰਹੇ। ਬੋਰਡ ਦੀ ਚੇਅਰਪਰਸਨ ਸਤਵੀਰ ਬੇਦੀ ਨੇ ਦਸਿਆ ਕਿ ਸੰਜੀਵ ਕੌਸ਼ਲ 1979 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੇ ਟੋਪਰ ਅਤੇ ਓਨਾ ਦੇ ਸਹਿਪਾਠੀ ਵੀ ਰਹੇ

ਨੇ। ਇਸ ਮੌਕੇ ਸੰਜੀਵ ਕੌਸ਼ਲ ਨੇ ਪੰਜਾਬੀ ਵਿੱਚ ਭਾਸ਼ਣ ਦਿੱਤਾ ਅਤੇ ਸਮਾਗਮ ਦੇ ਵਿਸ਼ੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਮੇਂ ਤੇ ਸਮਾਜ ਦੀ ਜਰੂਰਤ ਦਸਿਆ । ਉਨ੍ਹਾਂ ਸਿੱਖਿਆ ਨੀਤੀ 2020 ਬਾਰੇ ਵਿਚਾਰ ਰੱਖਦਿਆਂ ਇਸ ਨੂੰ ਦੇਸ਼ ਲਈ ਲਾਭਦਾਇਕ ਦਸਿਆ ਅਤੇ ਸਾਰਿਆਂ ਖਾਸਕਰ ਵਿਦਿਆਰਥੀ ਵਰਗ ਨੂੰ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਆ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਨਸੀਹਤ ਕੀਤੀ । ਪੰਜਾਬ ਦੇ ਸਮੂਹ ਜਿਲਿਆਂ ਤੋਂ ਅਧਿਆਪਕ, ਬੁੱਧੀਜੀਵੀ ਤੇ ਬੋਰਡ ਦੇ ਸਿੱਖਿਆ ਨਾਲ ਸੰਬੰਧਿਤ ਮਾਹਿਰ ਇਸ ਵਿਚ ਸ਼ਾਮਲ ਹੋਏ। ਭਵਿੱਖ ਵਿੱਚ ਵਿਦਿਆ ਦੇ ਖੇਤਰ ਵਿਚ ਦਰਪੇਸ਼ ਬਦਲਾਵਾਂ ਤੇ ਚੁਣੌਤੀਆਂ ਬਾਰੇ ਵੱਖ ਵੱਖ ਸੈਸ਼ਨ ਰਾਹੀਂ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਖਾਸਕਰ ਬੱਚਿਆਂ ਦੇ ਵਿਵਹਾਰ ਤੇ ਨੈਤਿਕ ਕਦਰਾਂ ਕੀਮਤਾਂ ਵਿਚ ਥਿਤ ਗਿਰਾਵਟ ਬਾਰੇ ਵੀ ਚਿੰਤਾ ਜਤਾਉਣ ਦੇ ਨਾਲ ਕੁੱਝ ਹਲ ਤੇ ਸੁਝਾਵ ਵਿਚਾਰੇ ਗਏ ।

---------------------------------------------------

ਫ਼ਰੀਦਕੋਟ ਜ਼ਿਲੇ ਦੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਕਿਹਾ ਏ, ਕਿ ਮੌਨਸੂਨ ਸੀਜਨ ਤੋਂ ਪਹਿਲਾਂ ਹੜ੍ਹਾਂ ਦੀ ਮਾਰ ਤੋਂ ਨਜਿੱਠਣ ਲਈ

ਕੀਤੇ ਜਾ ਰਹੇ ਉਪਰਾਲਿਆਂ ਤਹਿਤ, ਜ਼ਿਲੇ ਵਿਚ ਬਾਰਿਸ਼ ਦੇ ਪਾਣੀ ਤੋਂ ਇਲਾਕੇ ਨੂੰ ਬਚਾਉਣ ਲਈ ਕੁੱਲ 34 ਡਰੇਨਾਂ ਦੀ ਸਫਾਈ ਦੇ ਕੰਮ ਕਰਵਾਏ ਜਾ ਰਹੇ ਨੇ ਅਤੇ 25 ਦੀ ਮੁਕੰਮਲ ਤੌਰ ਤੇ ਸਫਾਈ ਕੀਤੀ ਜਾ ਚੁੱਕੀ ਏ । ਉਨ੍ਹਾਂ ਦੱਸਿਆ ਕਿ ਡਰੇਨਾਂ ਦੀ ਸਫ਼ਾਈ ਨਾਲ ਬਰਸਾਤੀ ਸੀਜਨ 'ਚ ਡਰੇਨਾਂ ਵਿੱਚ ਚੱਲਣ ਵਾਲੇ ਪਾਣੀ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਆਵੇਗੀ ਅਤੇ ਪਾਣੀ ਦੀ ਨਿਕਾਸੀ ਠੀਕ ਢੰਗ ਨਾਲ ਯਕੀਨੀ ਹੋਵੇਗੀ । ਉਨ੍ਹਾਂ ਨਹਿਰੀ ਵਿਭਾਗ ਨੂੰ ਹਦਾਇਤ ਕੀਤੀ ਏ ਕਿ ਡਰੇਨਾਂ ਦੀ ਸਫਾਈ ਦਾ ਕੰਮ ਛੇਤੀ ਮੁਕੰਮਲ ਕਰਵਾ ਲਿਆ ਜਾਵੇ ।

---------------------------------------------------------

ਮਹਿਲਾ ਏਸ਼ੀਆ ਕੱਪ ਟਵੰਟੀ-ਟਵੰਟੀ ਕ੍ਰਿਕਟ ਮੁਕਾਬਲਾ ਅੱਜ ਤੋਂ ਸ੍ਰੀਲੰਕਾ ਵਿੱਚ ਸ਼ੁਰੂ ਹੋ ਗਿਆ ਏ । ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਅੱਜ ਦਾਂਬੁਲਾ ਵਿੱਚ ਪਾਕਿਸਤਾਨ ਨਾਲ ਹੋਵੇਗਾ । ਭਾਰਤੀ ਸਮੇਂ ਅਨੁਸਾਰ ਇਹ ਮੈਚ, ਸ਼ਾਮ ਹੁਣ ਤੋਂ ਥੋੜੀ ਦੇਰ ਬਾਅਦ, 7 ਵਜੇ ਤੋਂ ਖੇਡਿਆ ਜਾਵੇਗਾ । ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੇ ਅੱਠ ਦੇਸ਼ਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਏ । ਹਰਮਨਪ੍ਰੀਤ ਕੌਰ ਦੀ

ਕਪਤਾਨੀ ਵਿੱਚ ਭਾਰਤੀ ਟੀਮ ਨੂੰ ਪਾਕਿਸਤਾਨ, ਨੇਪਾਲ ਅਤੇ ਸੰਯੁਕਤ ਅਰਬ ਅਮੀਰਾਤ  ਨਾਲ ਗਰੁੱਪ-A ਵਿੱਚ ਰੱਖਿਆ ਗਿਆ ਏ। ਭਾਰਤ ਨੇ ਇਸ ਤੋਂ ਪਹਿਲਾਂ, 2022 ਵਿਚ ਮਹਿਲਾ ਏਸ਼ੀਆ ਕੱਪ ਜਿੱਤਿਆ ਸੀ ਅਤੇ ਹੁਣ ਤੱਕ ਭਾਰਤੀ ਟੀਮ ਨੇ ਸੱਤ ਵਾਰ ਏਸ਼ੀਆ ਕੱਪ ਦਾ ਖਿਤਾਬ ਜਿੱਤਣ ਦਾ ਰਿਕਾਰਡ ਵੀ ਆਪਣੇ ਨਾਂ ਕੀਤਾ ਹੋਇਆ ਏ। ਇਸ ਦੌਰਾਨ ਅੱਜ ਦੇ ਪਹਿਲੇ ਮੈਚ ਵਿਚ ਨੇਪਾਲ ਦੀ ਟੀਮ ਨੇ ਸੰਯੁਕਤ ਅਰਬ ਅਮੀਰਾਤ ਨੂੰ 6 ਵਿਕਟਾਂ ਨਾਲ ਹਰਾਇਆ।

---

**<u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ, ਕਿਸਾਨਾਂ ਨੂੰ ਕੁਦਰਤੀ ਖੇਤੀ ਅਪਨਾਉਣ ਦੀ ਅਪੀਲ ਕੀਤੀ।
- ਮਾਈਕ੍ਰੋਸਾਫਟ ਦੇ ਸਰਵਰ 'ਚ ਆਈ ਤਕਨੀਕੀ ਖਰਾਬੀ ਕਾਰਨ, ਦੁਨੀਆ ਭਰ ਵਿਚ ਉਡਾਣਾਂ, ਟੀ ਵੀ ਟੈਲੀਕਾਸਟ ਤੇ

ਬੈਂਕਿੰਗ ਸਮੇਤ, ਕਈ ਕਾਰਪੋਰੇਟ ਕੰਪਨੀਆਂ ਦਾ ਕੰਮਕਾਜ ਪ੍ਰਭਾਵਿਤ।

- ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤਹਿਤ, ਕੇਂਦਰੀ ਸੰਚਾਰ ਬਿਊਰੋ ਜਲੰਧਰ ਨੇ, ਕਾਨੂੰਨ ਦੇ ਵਿਦਿਆਰਥੀਆਂ ਵਿੱਚ 3 ਨਵੇਂ ਅਪਰਾਧਿਕ ਕਾਨੂੰਨਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਮੋਗਾ ਵਿਖੇ ਵਿਸ਼ੇਸ਼ ਇੰਟਰ-ਐਕਟਿਵ ਸੈਸ਼ਨ ਕਰਵਾਇਆ।
- ਸ਼੍ਰੀਲੰਕਾ ਵਿੱਚ ਅੱਜ ਸ਼ੁਰੂ ਹੋਏ ਮਹਿਲਾ ਏਸ਼ੀਆ ਕੱਪ ਟੀ-20 ਕ੍ਰਿਕਟ ਵਿਚ, ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ।